03.02.2015

ਡਾ:ਅਨੂਪ ਸਿੰਘ ਜੀ,

ਜਨਰਲ ਸਕੱਤਰ

ਪੰਜਾਬੀ ਸਾਹਿਤ ਅਕਾਦਮੀ

ਲੁਧਿਆਣਾ

ਵਿਸ਼ਾ: ਪੰਜਾਬੀ ਭਵਨ ਕਮਰਾ ਖਾਲੀ ਕਰਨ ਸਮੇਂ ਲੱਗੇ ਇਲਜ਼ਾਮ ਤੇ ਬੇਵਾਕੀ ਭਾਸ਼ਾ

ਸ਼੍ਰੀ ਮਾਨ ਜੀਓ

ਤੁਹਾਡੇ ਕਹਿਣ ਅਨੁਸਾਰ 19-04-2014 ਨੂੰ ਤੁਹਾਡਾ ਕਮਰਾ ਖਾਲੀ ਕਰ ਦਿੱਤਾ ਗਿਆ ਪਰ ਇਹ ਕਮਰਾ ਖਾਲੀ ਕਰਨ ਸਮੇਂ ਜਿਹੜੇ ਦੋਸ਼ ਜਨਰਲ ਸਕੱਤਰ ਵੱਲੋਂ ਇਹ ਲਾਏ ਗਏ ਕਿ ਸਾਡੀਆਂ ਸੱਤਰ ਲਾਈਟਾਂ ਅਸੀਂ ਲੈ ਗਏ ਤਾਂ ਮੈਂ ਜਨਰਲ ਸਕੱਤਰ ਸਾਬ੍ਹ ਨੂੰ ਇਹ ਬੇਨਤੀ ਜ਼ਰੂਰ ਕਰਦਾਂ ਕਿ ਆਪਣੀ ਐਨਕਾਂ ਚੰਗੀ ਤਰਾਂ ਸਰਫ ਨਾਲ ਸਾਫ ਕਰਕੇ ਆਪਣੇ ਰਿਕਾਰਡ ਵਿੱਚ ਦੇਖੋ ਕਿ ਕਦੇ ਪੰਜਾਬੀ ਸਾਹਿਤ ਅਕਾਦਮੀ ਨੇ ਸੱਤਰ ਲਾਈਟਾਂ ਖਰੀਦੀਆਂ ਵੀ ਸੀ? ਜਾਂ ਕਿਸੇ ਦੇ ਕਹੇ ਤੇ ਹੀ ਸ਼ਬਦਾਵਲੀ ਤੀਰ ਛੱਡ ਦਿੱਤਾ? ਕਿਤੇ ਇਹ ਤਾਂ ਨਹੀਂ ਕਿ ਵੱਡੇ ਬੰਦੇ ਕੰਨਾਂ ਦੇ ਵਾਕਿਆ ਹੀ ਕੱਚੇ ਹੁੰਦੇ ਨੇ। ਹਾਂ ਜੇ ਤੁਹਾਡੀ ਬਲਰਾਜ ਸਾਹਨੀ ਵਿੱਚ ਰੰਗਮੰਚ ਨਾ ਕਰਨ ਦੀ ਅਸਿੱਧੇ ਤੌਰ ਤੇ ਇਹ ਹਦਾਇਤ ਹੈ ਤਾਂ ਅਸੀਂ ਇਹ ਜ਼ਰੂਰ ਸਮਝਾਂਗੇ ਕਿ ਬਲਰਾਜ ਸਾਹਨੀ ਜਿਉਂਦੇ ਜੀ ਤਾਂ ਪੰਜਾਬੀ ਲਈ ਬਹੁਤ ਕੁਝ ਕਰਦਾ ਰਿਹਾ ਕਿ ਪੰਜਾਬੀਅਤ ਦਾ ਨਾਮ ਰੌਸ਼ਨ ਹੋਵੇ ਤੇ ਤੁਸੀਂ ਹੁਣ ਮਰਨ ਤੋਂ ਬਾਅਦ ਹਾਲ ਦਾ ਨਾਮ ਰੱਖਕੇ ਅਤੇ ਉਸ ਥਾਂ ਨੂੰ ਵੱਧ ਤੋਂ ਵੱਧ ਬੇਹਾਲਤ ਕਰਕੇ ਉਸਨੂੰ ਕਬਰਾਂ ਵਿੱਚੋਂ ਵੀ ਭਜਾਉਣਾ ਲੋਚਦੇ ਹੋ। ਨਹੀਂ ਯਕੀਨ ਤਾਂ ਹੇਠ ਫੋਟੋਆਂ ਦੇਖੋ ਇਹਨਾਂ ਵਿੱਚ ਕੀ ਸੁਧਾਰ ਹੋਇਆ?





ਲੋਕ ਬਿਨਾਂ ਦੱਸੇ ਬਲਰਾਜ ਸਾਹਨੀ ਹਾਲ ਨੂੰ ਵਰਦੇ ਹਨ ਤੇ ਇਹ ਗੱਲ ਅਨੇਕਾਂ ਬਾਰ ਦਫਤਰ ਦੱਸੀ ਗਈ, ਪਰ ਪਰਨਾਲ਼ਾ ਉਥੇ ਦਾ ਉਥੇ ਵਾਲੀ ਗੱਲ ਰਹਿੰਦੀ ਹੈ।

ਦੂਸਰੀ ਗੱਲ ਇਹ ਕਿ ਪਹਿਲੀ ਮਈ ਵਾਲੇ ਦਿਨ ਹਾਲ ਪੂਰਾ ਖਾਲੀ ਕਰ ਦਿੱਤਾ ਗਿਆ ਸੀ ਪਰ ਜਨਰਲ ਸਕੱਤਰ ਸਿਰਫ ਆਏ ਟੈਲੀਫੋਨ ਤੇ ਇਸ ਤਰਾਂ ਭੜਕੇ ਜਿਸ ਤਾਂ ਮੈਂ ਉਹਨਾਂ ਦੇ ਨਹਾਉਣ ਵਾਲੇ ਪਾਣੀ ਵਿੱਚ ਸੁਆਹ ਪਾ ਦਿੱਤੀ ਹੋਵੇ, ਵੱਡਾ ਅਹੁਦੇਦਾਰ ਕੰਨਾ ਦਾ ਕੱਚਾ ਸੁਣਿਆਂ ਈ ਸੀ ਪਰ ਹੁਣ ਦੇਖ ਵੀ ਲਿਆ, ਜਦੋਂ ਕਿ ਅਜਿਹੀ ਕੋਈ ਵੀ ਗੱਲ ਨਹੀਂ ਸੀ ਤੇ ਹਾਲ ਖਾਲੀ ਸੀ। ਜੇ ਜਨਰਲ ਸਕੱਤਰ ਟੈਲੀਫੋਨ ਰਾਹੀਂ ਮੈਨੂੰ ਇਹ ਕਹਿ ਰਿਹੈ ਕਿ ਅਸੀਂ ਲੀਡਰ ਬੜੇ ਡਰਾਏ ਤਾਂ ਇਹ ਗੱਲ ਨੋਟ ਕਰੋ ਸ਼੍ਰੀ ਮਾਨ ਜੀ ਕਿ ਤੁਹਾਡੇ ਕੋਲੋਂ ਹਾਲੇ ਸਰਕਾਰੀ ਅਦਾਰਿਆਂ ‘ਚ ਪੰਜਾਬੀ ਲਾਗੂ ਨਹੀਂ ਕਰਵਾਈ ਗਈ ਜਿਹੜੀ ਲੀਡਰਾਂ ਨੂੰ ਡਰਾਉਣ ਦੀ ਧੌਂਸ ਦਿਖਾਉਂਦੇ ਹੋ। ਲੀਡਰ ਤਾਂ ਦੂਰ ਦੀ ਗੱਲ ਤੁਹਾਡੇ ਕੋਲੋਂ ਤੁਹਾਡਾ ਸਸਪੈਂਡ ਕੀਤਾ ਕੇਅਰ ਟੇਕਰ ਦਾ ਉਪਰ ਦੋ ਕਮਰਿਆਂ ਤੇ ਕਬਜਾ ਨਹੀਂ ਛਡਵਾਇਆ ਜਾਂਦਾ। ਧਮਕੀਆਂ ਤਾਂ ਫੋਨ ਤੇ ਦਸ ਨੰਬਰੀਆਂ ਵਾਲੀਆਂ ਦਿੰਦੇ ਹੋ ਪਰ ਕੰਟੀਨ ਤੁਹਾਡੇ ਕੋਲੋਂ ਖਾਲੀ ਨਹੀਂ ਕਰਵਾਈ ਜਾਂਦੀ। ਤੁਹਾਡੀ ਜਾਣਕਾਰੀ ‘ਚ ਇਹ ਗੱਲ ਹੈ ਕਿ ਤੁਹਾਡੇ ਹੀ ਕਰਮਚਾਰੀ ਉਥੋਂ ਚੱਕ ਕੇ ਲੋਹਾ ਤੱਕ ਵੇਚ ਦਿੰਦੇ ਹਨ? ਜੇ ਇਹ ਜਾਣਕਾਰੀ ਤੁਹਾਨੂੰ ਦੇ ਵੀ ਦਿੱਤੀ ਜਾਵੇ ਤਾਂ ਤੁਹਾਡੀ ਉਹੀ ਭਾਸ਼ਾ ਕਿ ਅਸੀਂ ਹੁਣ ਕਿਵੇਂ ਖਿਆਲ ਰੱਖੀਏ? ਅਸੀਂ ਕਿਹੜਾ ਇਥੇ ਰਹਿੰਦੇ ਹਾਂ? ਜਿਹੀ ਗੱਲ ਹੀ ਸਾਹਮਣੇ ਆਉਣੀ ਹੈ ਹੋਰ ਤੁਸੀਂ ਕਿਹੜੇ ਤੀਰ ਮਾਰ ਲੈਣੇ ਨੇ। ਜਿਹੜੀ ਗੱਲ ਤੁਸੀਂ ਪੰਜਾਬੀ ਸਾਹਿਤ ਅਕਾਦਮੀ ਦੇ ਜਨਰਲ ਸਕੱਤਰ ਦੀ ਕਰ ਰਹੇ ਓ ਉਹ ਮਹਿਜ ਰਾਜਨੀਤਿਕ ਸ਼ੋਸ਼ਾ ਹੈ, ਕੀ ਤੁਹਾਨੂੰ ਪਤਾ ਹੈ ਕਿ ਪੰਜਾਬੀ ਸਾਹਿਤ ਅਕਾਦਮੀ ਦੇ ਵਿਹੜੇ ‘ਚ ਤੁਹਾਡੇ ਹੀ ਕਮੇਟੀ ਮੈਂਬਰ ਹਿੰਦੀ ਭਾਸ਼ਾ ਦਾ ਪਾਸਾ ਪਹਿਲਾਂ ਕਰਨਾ ਚਾਹੁੰਦੇ ਹਨ ਜੇ ਨਹੀਂ ਯਕੀਨ ਤਾਂ ਪਿਛਲੇ ਦਿਨੀ ਹਿੰਦੀ ਨਾਟਕ ਨੂੰ ਤੁਹਾਡੇ ਹੀ ਮੈਂਬਰ ਵੱਲੋਂ ਪਹਿਲਾਂ ਵੀ ਤੇ ਹੁਣ ਵੀ ਪਹਿਲ ਦਿੱਤੀ ਜਾਂਦੀ ਹੈ ਤੇ ਤੁਹਾਨੂੰ ਉਸਦਾ ਨਾਮ ਬਰਖਾਸਤ ਕਰਨ ਲਈ ਵੀ ਬੇਨਤੀ ਕੀਤੀ ਕਿ ਅਜਿਹੇ ਵਿਅਕਤੀ ਨੂੰ ਪੰਜਾਬੀ ਸਾਹਿਤ ਅਕਾਦਮੀ ਦਾ ਮੈਂਬਰ ਹੀ ਨਹੀਂ ਹੋਣਾ ਚਾਹੀਦਾ। ਕੀ ਤੁਸੀਂ ਪਹਿਲਾਂ ਕਿਸੇ ਚਿੱਠੀ ਦਾ ਜੁਆਬ ਦਿੱਤੀ ਜੋ ਕਿ ਹੁਣ ਮੈਂ ਇਸ ਦੀ ਉਮੀਦ ਕਰਾਂ?

ਨਹੀਂ, ਰਾਜਨੀਤਿਕ ਲੀਡਰ ਹੀ ਨਹੀਂ ਕਿਸੇ ਸੰਸਥਾ ਦੇ ਵੀ ਮੋਹਰੀ ਲੀਡਰ ਵੀ ਉਹੀ ਵਿਹਾਰ ਕਰਦੇ ਹਨ ਜੋ ਕਿ ਇਕ ਰਾਜਨੀਤਿਕ ਲੀਡਰ। ਤੁਸੀਂ ਮੈਨੂੰ ਚਾਰ ਵਾਰ ਟੈਲੀਫੋਨ ਤੇ ਇਕ ਵਾਰ ਦਫਤਰ ਵਿੱਚ ਸਾਹਮਣੇ ਇਹ ਗੱਲ ਕਹੀ ਕਿ ਅਸੀਂ ਨਾਟਕਕਾਰ ਗੁਰਸ਼ਰਨ ਸਿੰਘ ਅਵਾਰਡ ਚਾਲੂ ਕਰ ਦਿੱਤਾ ਹੈ ਕਿ ਮੈਨੂੰ ਇਹ ਦਸਣਾ ਕਿ ਤੁਸੀਂ ਅਵਾਰਡ ਚਾਲੂ ਕਰ ਦਿੱਤਾ ਇਹ ਕੋਈ ਗੁਰਸ਼ਰਨ ਸਿੰਘ ਉਪਰ ਜਾਂ ਨਾਟਕਕਾਰਾਂ/ਰੰਗਕਰਮੀਆਂ ਉਪਰ ਅਹਿਸਾਨ ਕੀਤਾ, ਜਿਹੜਾ ਮੈਨੂੰ ਐਨੀ ਵਾਰ ਦੱਸਣ ਦੀ ਜ਼ਰੂਰਤ ਪਈ। ਜੇ ਤੁਸੀਂ ਸਾਹਿਤਕਾਰ ਤੇ ਅਹਿਸਾਨ ਕਰਦੇ ਤਾਂ ਸੰਤ ਸਿੰਘ ਸੇਖੋਂ, ਬਲਵੰਤ ਗਾਰਗੀ, ਡਾ.ਹਰਚਰਨ ਸਿੰਘ, ਡਾ. ਹਰਸ਼ਰਨ ਸਿੰਘ, ਅਜਮੇਰ ਸਿੰਘ ਔਲਖ ਅਤੇ ਹੋਰ ਵੀ ਬਹੁਤ ਸਾਰੇ ਸਨਮਾਨਿਤ ਸਾਹਿਤਕਾਰਾਂ ਬਾਰੇ ਤੇ ਕੋਈ ਅਵਾਰਡ ਨਹੀਂ ਚਾਲੂ ਕਰ ਸਕੇ। ਜਾਂ ਫਿਰ ਇਹ ਵਾਰ ਵਾਰ ਮੈਨੂੰ ਦਸਣਾ ਇਹ ਭਰਮਾਉਣ ਵਾਲੀ ਗੱਲ ਸੀ ਕਿ ‘ਮੱਖਣਗਿਰੀ ਕਰਿਆ ਕਰ ਤੂੰ ਵੀ ਲਾਈਨ ‘ਚ ਲੱਗੇਂਗਾ’ ਇਹੋ ਜਿਹੀ ਕੋਈ ਸੋਚ ਕੰਮ ਕਰ ਰਹੀ ਐ। ਤੁਸੀਂ ਆਪਣੀ ਲਾਇਬਰੇਰੀ ਵਿੱਚ ਹੀ ਰਾਜਨੀਤੀ ਕਰੀ ਜਾ ਰਹੇ ਹੋ, ਜਿਹੜੀ ਕਿ ਪ੍ਰਿੰਸੀਪਲ ਪ੍ਰੇਮ ਸਿੰਘ ਬਜਾਜ ਜੀ ਹੋਰ ਵੱਲੋਂ ਸਿਰਫ ਸੇਵਾ ਲਈ ਚਲਾਈ ਜਾ ਰਹੀ ਐ, ਤੁਸੀਂ ਕਿਸੇ ਤੇ ਕੀ ਅਹਿਸਾਨ ਕਰ ਸਕਦੇ ਓਂ?

ਜਨਰਲ ਸਕੱਤਰ ਸਾਬ੍ਹ ਮੁਕਾਬਲਾ ਗਿਰੀ ਬਰਾਬਰ ਦਿਆਂ ‘ਚ ਹੁੰਦੀ ਹੈ, ਅਸੀਂ ਸਿਰਫ ਪੰਜਾਬੀ ਸਾਹਿਤ ਦੀ ਵਿਧਾ ਰੰਗਮੰਚ ਰਾਹੀਂ ਪੰਜਾਬੀ ਨੂੰ ਵਡੇਰਾ ਕਰਨ ਦੀ ਨਿੱਕੀ ਜਿਹੀ ਕੋਸ਼ਿਸ਼ ਵਿੱਚ ਹਾਂ। ਨਹੀਂ ਤੁਹਾਡੇ ਵਰਗੇ ਜਨਰਲ ਸਕੱਤਰ ਇਥੇ ਆਏ ਤੇ ਚਲੇ ਗਏ, ਉਹਨਾਂ ਦਾ ਕਾਰਜ ਆਪਣੇ ਥਾਂ ਰਿਹਾ ਤੇ ਤੁਹਾਡਾ ਆਪਣੇ ਥਾਂ ਰਹਿਣੈ, ਜਿਹੜੇ ਲੋਕ ਕੰਟੀਨ ਵਾਲੇ ਦੇ ਮਦਦ ਤੇ ਹਨ ਉਹ ਤੁਹਾਨੂੰ ਵੀ ਪਤੈ ਤੇ ਮੈਨੂੰ ਵੀ, ਸਾਹਿਤ ਦਾ ਪਾਸਾਰ ਕਰਦਿਆਂ ਇਸ ਅਹੁਦੇ ਤੇ ਪਹੁੰਚਕੇ ਜੇ ਬਦਮਾਸ਼ੀ ਕਰਨ ਦਾ ਅੱਗੋਂ ਵਿਚਾਰ ਹੈ ਤਾਂ ਲੁਧਿਆਣੇ ਦੀ ਟਰਾਸਪੋਰਟ

ਮੰਡੀ 'ਚ ਜਾਓ ਨਹੀਂ ਅਕਾਲੀਆਂ ਨਾਲ ਰਲਜੋ, ਤੁਹਾਡੀ ਮੇਰੀ ਕੋਈ ਜ਼ਮੀਨ ਨੀ ਸਾਝੀ, ਜਿਹੜਾ ਮੈਨੂੰ ਦੇਖਣ ਨੂੰ ਕਹਿ ਰਹੇ ਹੋ, ਦੇਖੋ ਆਪਣੇ ਸਾਹਿਤਕਾਰਾਂ ਨੂੰ ਜਿਹੜੇ ਤੁਹਾਡੇ ਜੋਟੀਦਾਰ ਨੇ ਦੇਖੋ ਆਪਣੇ ਸਾਹਿਤ ਅਕਾਦਮੀ ਦੇ ਅਮਲੇ ਨੂੰ ਜਿਹਨਾਂ ਰਲ ਮਿਲ ਅਹੁਦੇਦਾਰੀਆਂ ਸੰਭਾਲਣੀਆਂ ਨੇ ਤੇ ਰਲਮਿਲ ਕੇ ਵੋਟਾਂ ਵੰਡਣੀਆਂ ਜਾਣਦੈ। ਅਸੀਂ ਵੀ ਕਿੰਨੀਆਂ ਟਰਮ ਧਿਆਨ ਨਾਲ ਵਾਚ ਲਈਆਂ ਕਿ ਪੰਜਾਬੀ ਸਾਹਿਤ ਅਕਾਦਮੀ ਦੀਆਂ ਚੋਣਾਂ ਕਿਵੇਂ ਹੁੰਦੀਆਂ ਨੇ ਅਤੇ ਸੌਦੇਵਾਜੀਆਂ ਕਿਵੇਂ ਹੁੰਦੀਆਂ ਨੇ, ਇਹ ਤੁਹਾਨੂੰ ਮੁਬਾਰਕ, ਜਿਹੜਾ ਖੁਦ ਹੀ ਚੋਣਾਂ ਜਿਹੀ ਨੀਤੀ ਅਤੇ ਫਿਰ ਅਹੁਦੇਦਾਰੀਆਂ 'ਚ ਉਲਝਿਆ ਹੋਇਐ ਉਹ ਪੰਜਾਬੀ ਸਾਹਿਤ ਦਾ ਸਵਾਰਨ ਲਈ ਕੁਝ ਨਹੀਂ ਕਰ ਸਕਦਾ।





ਉਪਰ ਜਿਹੜਾ ਹਾਲ ਤੁਹਾਡੀ ਬਿਲਡਿੰਗ ਦਾ ਉਹ ਵੀ ਕਈ ਸਾਲਾਂ ਹੋ ਤੁਹਾਨੂੰ ਦਿਖਾ ਰਿਹਾ, ਜੇ ਇਹਦੇ ਬਾਰੇ ਤੁਹਾਡੇ ਸਮਝ ਅਤੇ ਕੰਨੀ ਗੱਲ ਨਹੀਂ ਪੈਂਦੀ ਫਿਰ ਅਜਿਹਾ ਕੋਈ ਵੈਦ ਨਹੀਂ ਜਿਹੜਾ ਪੁੜੀ 'ਚ ਘੋਲ ਕੇ ਤੁਹਾਨੂੰ ਦੱਸ ਸਕੇ ਕਿ ਪੰਜਾਬੀ ਸਾਹਿਤ ਅਕਾਦਮੀ ਦੀ ਬਜ਼ੁਰਗ ਸਾਹਿਤਕਾਰਾਂ ਦੀ ਸੋਚ ਤੇ ਜਿਹੜੀ ਬਿਲਡਿੰਗ ਨੂੰ ਸਭਾਲ ਸਕਦੇ ਅਤੇ ਲਿਖਾਰੀ ਲੋਕ ਕਿਸੇ ਦੀ ਜਾਣਕਾਰੀ ਲਈ ਲਿਖਤ ਨੂੰ ਕੁਛ ਨਹੀਂ ਸਮਝਦੇ ਉਹ ਹੋਰ ਕੀ ਸਮਝਣਗੇ। ਗੱਲ ਸੁਣ/ਪੜ੍ਹਕੇ ਤੇ ਕੰਨ ਖੁਰਚਦੇ ਬਹੁਤ ਦੇਖੇ ਨੇ, ਪਰ ਸੱਚ ਲਿਖਕੇ ਦੱਸਣ ਅਤੇ ਸੁਣਾਉਣ ਵਾਲੇ ਤੇ ਹੱਸਦੇ ਤੁਹਾਡੇ ਵਰਗੇ ਸਾਹਿਤਕਾਰ ਈ ਦੇਖੇ ਨੇ। ਜੇ ਤੁਸੀਂ ਪੰਜਾਬੀ ਭਵਨ ਸਵਾਰਨ ਜੋਗੇ ਹੁੰਦੇ ਤਾਂ ਅੱਜ ਦੁਕਾਨਾਂ ਦੀ ਚੱਲ ਰਹੀ ਤਿਆਰੀ 'ਚ ਪਹਿਲਾਂ ਪੰਜਾਬੀ ਭਵਨ ਸਵਾਰਨ ਦਾ ਕੰਮ ਹੁੰਦਾ, ਪਿਛਲੀਆਂ ਚਿੱਠੀਆਂ ਕੱਢ ਕੇ ਦੇਖੋਂ ਕਿੰਨਾ ਸੀਮੈਂਟ ਖਰਾਬ ਹੋਇਆ ਪੰਜਾਬੀ ਸਾਹਿਤ ਅਕਾਦਮੀ ਦੇ ਖਾਤੇ ਪਿਆ ਕਿਸੇ ਮਾਈ ਦੇ ਲਾਲ ਅਹੁਦੇਦਾਰ ਸਾਹਿਤਕਾਰ ਇਹ ਵਾਚਣ ਦੀ ਕੋਸ਼ਿਸ਼ ਨਹੀਂ ਕੀਤੀ ਕਿ ਇਹ ਕਿਵੇਂ ਹੋਇਆ ਹਾਂ ਤੁਹਾਡੇ ਵੱਲੋਂ ਇਹ ਮੈਨੂੰ ਕਈ ਵਾਰ ਕਿਹਾ ਗਿਆ ਕਿ ਅਸੀਂ ਕੇਅਰ ਟੇਕਰ ਤੋਂ ਖਾਲੀ ਤਾਂ ਕਰਵਾ ਲਈਏ ਪਰ ਬੜੇ ਸਾਹਿਤਕਾਰ ਉਸਦੀ ਹਿਮਾਇਤ ਕਰਦੇ ਹਨ। ਨਾ ਜਿਹੜੇ ਸਾਹਿਤਕਾਰ ਹਮਇਤੀ ਨੇ ਫਿਰ ਉਹਨਾਂ ਨੂੰ ਕਹੋ ਨਾ ਕਿ ਜੇ ਐਨੀ ਦਰਿਆ ਦਿਲੀ ਐ ਫਿਰ ਆਪਣੇ ਘਰ ਕਮਰਾ ਦੇ ਦੇਣ। ਜਾਂ ਸਿਰਫ ਸੁਣ ਕੇ ਤੁਸੀਂ ਤਮਾਸ਼ਾ ਦੇਖਣ ਜੋਗੇ ਹੀ ਹੋ?

ਸਾਡਾ ਕੰਮ ਸਿਰਫ ਨਾਟਕ ਰਾਹੀਂ ਪੰਜਾਬੀ ਸਾਹਿਤ ਦੀ ਸੇਵਾ ਕਰਨੈ, ਨਾ ਕੇ ਤੁਹਾਡੇ ਵਰਗੇ ਨਵੇ ਬਣੇ ਜਨਰਲ ਸਕੱਤਰ ਨਾਲ ਬਦਮਾਸ਼ੀ ਜਿਹੇ ਸ਼ਬਦਾਂ ਸਾਹਮਣਾ ਕਰਨਾ। ਤੁਹਾਡੇ ਕੋਲੋਂ ਤੁਹਾਡੇ ਹੀ ਪੰਜਾਬੀ ਭਾਸ਼ਾ ਦੇ ਦੁਸ਼ਮਣ

ਜਿਹੜੇ ਪੰਜਾਬੀ ਮਾਂ ਬੋਲੀ ਨੂੰ ਪਹਿਲ ਨਾ ਦੇ ਕੇ ਹੋਰ ਪਾਸੇ ਤੁਰੇ ਨੇ, ਉਹ ਨਾ ਤੁਹਾਡੇ ਕੋਲੋਂ ਕੱਢੇ ਗਏ ਅਤੇ ਨਾ ਹੀ ਸਾਭੇ ਗਏ। ਅਸੀਂ ਆਪਣਾ ਪੰਜਾਬੀ ਸਾਹਿਤ ਦਾ ਕੰਮ ਨਾਟਕ ਰਾਹੀਂ ਕਰੀ ਜਾ ਰਹੇ ਹਾਂ ਬਾਕੀ ਜਿਹੜੇ ਦੋਸ਼ ਬਦਨਾਮ ਕਰਨ ਲਈ ਤੁਹਾਡੇ ਕੰਨੀ ਪੈਂਦੇ ਨੇ ਪਹਿਲਾਂ ਉਹਨਾਂ ਨੂੰ ਘੋਖੋ, ਪਰਖੋ ਤੇ ਫਿਰ ਗੱਲ ਕਰੋ। ਜਾਂ ਜੇ ਨਹੀਂ ਝੱਲ ਹੁੰਦੇ ਤਾਂ ਆਪਣੀ ਟਰਮ ਪੂਰੀ ਕਰੋ ਤੇ ਆਪਣੇ ਰਾਹ ਪਵੋ, ਕਿਉਂਕਿ ਕੋਈ ਵੀ ਨਾਟਕਕਾਰ ਨਾ ਤੁਹਾਡੇ ਵਰਗਿਆਂ ਦੇ ਸਿਰ ਤੇ ਬਣਿਐਂ ਨਾ ਤੁਸੀਂ ਬਣਾ ਸਕਦੇ ਹੋ, ਹਾਂ ਇਕ ਟੋਭਾ ਬਣਾ ਲਵੋ, ਉਸ ਵਿੱਚ ਪਾਣੀ ਭਰ ਲਵੋਂ ਜਿਹੜਾ ਤੁਹਾਡੇ ਕਹੇ ਨਹੀਂ ਚਲਦਾ ਉਹਨੂੰ ਡਬੋ ਦਿਓ, ਪਰ ਸਾਨੂੰ ਪ੍ਰੇਸ਼ਾਨ ਨਾ ਕਰੋ।

ਪ੍ਰੇਸ਼ਾਨੀ ਨਾ-ਪਸੰਦ
ਤਰਲੋਚਨ ਸਿੰਘ
98142-53800, 94173-96005